# ਪੰਜਾਬੀ ਸਾਹਿਤ ਦਾ ਬਦਲਦਾ ਪ੍ਰਵਚਨ

(ਭਾਸ਼ਾ, ਸਭਿਆਚਾਰ ਤੇ ਮੀਡੀਆ ਦੇ ਪ੍ਰਸੰਗ ਵਿਚ)

**ਨੈਸ਼ਨਲ ਸੈਮੀਨਾਰ**

ਸਰਪ੍ਰਸਤ
ਡਾ. ਸਵਿੰਦਰ ਸਿੰਘ ਛੀਨਾ

ਸੰਪਾਦਕ
ਡਾ. ਗੁਰਮੀਤ ਕੌਰ
ਡਾ. ਮਨਜੀਤ ਸਿੰਘ

©
Editor

Punjabvi Sahit Da Badalda Pravachan
(Bhasha, Sabhyachar te Media de Prasang Vich)
National Seminar

Sarprast
Dr. Sawinder Singh Chheena

Editor
Dr. Gurmeet Kaur
Dr. Manjeet Singh
Desh Bhagat College, Bardwal, Dhuri

ISBN : 978-93-87276-57-4
Year : 2019
Price : ₹ 395

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : D K Fine Art Press, New Delhi.

## ਤਤਕਰਾ


ਦੋ ਸ਼ਬਦ: ਡਾ. ਸਵਿੰਦਰ ਸਿੰਘ ਛੀਨਾ 9

ਭੂਮਿਕਾ: ਡਾ. ਗੁਰਮੀਤ ਕੌਰ 10

ਕੁਝ ਵਿਚਾਰ: ਡਾ. ਮਨਜੀਤ ਸਿੰਘ 12

1. ਗਲੋਬਲੀ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ- 13
   **ਡਾ. ਸਰਬਜੀਤ ਸਿੰਘ**
2. ਸਮਕਾਲੀ ਪੰਜਾਬੀ ਗਾਇਕੀ ਵਿਚ ਔਰਤ ਦਾ ਪ੍ਰਵਚਨ- 21
   **ਸਿਮਰਨਜੀਤ ਸਿੰਘ**
3. ਪੰਜਾਬੀ ਅਨੁਵਾਦ-ਇਕ ਅਧਿਐਨ 43
   (ਵਿਸ਼ੇਸ਼ ਪੰਜਾਬੀ ਭਾਸ਼ਾ ਦੇ ਪ੍ਰਸੰਗ ਵਿਚ )
   **ਡਾ. ਸੰਦੀਪ ਸਿੰਘ**
4. ਸਾਹਿਤ ਅਤੇ ਮੀਡੀਆ ਦਾ ਵਿਅਕਤੀਪਰਕ ਕੋਲ- 49
   **ਡਾ. ਗੁਰਮੀਤ ਕੌਰ**
5. ਪਰਵਾਸੀ ਪੰਜਾਬੀ ਕਹਾਣੀ ਵਿਚ ਨਾਰੀ ਦਾ ਉਭਰਦਾ ਪ੍ਰਤੀਬਿੰਬ- 54
   **ਸੁਖਜੀਤ ਕੌਰ**
6. ਗੁੱਜਰ ਬਰਾਦਰੀ ਦੇ ਸਭਿਆਚਾਰ ਦਾ ਬਦਲਦਾ ਮੁਹਾਂਦਰਾ:
   ਸਮਕਾਲ ਦੇ ਪ੍ਰਸੰਗ 'ਚ- 60
   **ਡਾ. ਮਨਜੀਤ ਸਿੰਘ**
7. ਪੰਜਾਬੀ ਭਾਸ਼ਾ ਦਾ ਵਿਕਾਸ: 70
   ਸਮਾਜ ਭਾਸ਼ਾ ਵਿਗਿਆਨਕ ਪਰਿਪੇਖ-
   **ਜਸਮੀਤ ਸਿੰਘ**
8. ਮੜੀ ਦੀ ਦੀਵਾ ਨਾਵਲ ਤੇ ਫਿਲਮ: ਵਿਚਾਰਧਾਰਕ ਪਾਸਾਰ- 86
   **ਕੁਲਵਿੰਦਰ ਸਿੰਘ**
9. ਪੰਜਾਬੀ ਸਾਹਿਤ ਦਾ ਬਦਲਦਾ ਪ੍ਰਵਚਨ 98
   (ਚਰਨਦਾਸ ਸਿੱਧੂ ਦੇ ਨਾਟ-ਸਾਹਿਤ ਦੇ ਸੰਦਰਭ ਵਿਚ)
   **ਡਾ. ਗਗਨਦੀਪ ਸਿੰਘ**
10. ਅਫਸਲ ਅਹਿਸਨ ਰੰਧਾਵਾ ਰਚਿਤ ਪੰਜਾਬੀ ਦੀ ਵਾਰ ਵਿਚ 107
    ਪੰਜਾਬ ਦੀ ਬਿਰਤਾਂਤਕ ਪੇਸ਼ਕਾਰੀ-
    **ਡਾ. ਗੁਰਦਾਸ ਸਿੰਘ**

# ਪੰਜਾਬੀ ਸਾਹਿਤ ਦਾ ਬਦਲਦਾ ਪ੍ਰਵਚਨ
## (ਚਰਨ ਦਾਸ ਸਿੱਧੂ ਦੇ ਨਾਟ-ਸਾਹਿਤ ਦੇ ਸੰਦਰਭ ਵਿਚ)

ਡਾ.ਗਗਨਦੀਪ ਸਿੰਘ
ਮੁਖੀ,ਪੰਜਾਬੀ ਵਿਭਾਗ
ਸ਼ਹੀਦ ਊਦਮ ਸਿੰਘ ਸਰਕਾਰੀ ਕਾਲਜ,ਸੁਨਾਮ।

ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਮੀਡੀਆ ਸੰਬੰਧੀ ਪ੍ਰਵਚਨ ਪੰਜਾਬੀ ਸਾਹਿਤ ਦੀ ਸਿਰਜਣਾਤਮਕ ਪ੍ਰਕਿਰਿਆ ਦੀ ਤਰਜਮਾਨੀ ਕਰਦਾ ਹੈ। ਅਜੋਕਾ ਪੰਜਾਬੀ ਸਾਹਿਤ ਸਮਾਜਿਕ, ਰਾਜਨੀਤਕ-ਦਮਨਕਾਰੀ, ਸਭਿਆਚਾਰਕ ਅਤੇ ਮਨੁੱਖੀ ਹੋਂਦ ਦੀ ਸਥਾਪਤੀ ਦੇ ਬਹੁ-ਪਰਤੀ, ਬਹੁ- ਸੁਰੀ ਤੇ ਸਮੱਸਿਆਵੀ ਪ੍ਰਸੰਗਾਂ ਦੇ ਤਾਣੇ ਪੇਟੇ ਦੇ ਪ੍ਰਵਚਨ ਦੀ ਤਰਜਮਾਨੀ ਕਰਦਾ ਹੈ।ਚਰਨ ਦਾਸ ਸਿੱਧੂ ਦੇ ਨਾਟ-ਸਾਹਿਤ ਵਿਚ ਪੰਜਾਬੀ ਮਨੁੱਖ ਖਾਸ ਕਰ ਦੁਆਬੇ ਦੇ ਦੱਬੇ ਕੁੱਚਲੇ, ਨਿਮਨ-ਵਰਗੀ, ਤ੍ਰਿਸਕਾਰੇ ਲੋਕਾਂ ਦੀਆਂ ਸੰਵੇਦਨਾਵਾਂ, ਖਾਹਿਸ਼ਾਂ, ਆਸਾਂ ਉਮੰਗਾਂ, ਰੁਚੀਆਂ ਅਤੇ ਅਕਾਂਖਿਆਵਾਂ ਦੀ ਖੂਬਸੂਰਤ ਪੇਸ਼ਕਾਰੀ ਬਾਬਾ ਬੰਤੂ, ਅੰਬੀਆਂ ਨੂੰ ਤਰਸੇਂਗੀ, ਪੰਜ ਖੂਹ ਵਾਲੇ, ਮਸਤ ਮੇਘੋਵਾਲੀਆ, ਕਿਰਪਾ ਬੋਣਾ, ਚੰਨੋ ਬਾਜ਼ੀਗਰਨੀ ਆਦਿ ਨਾਟ-ਰਚਨਾਵਾਂ ਵਿਚ ਕੀਤੀ ਹੈ।

ਚਰਨ ਦਾਸ ਸਿੱਧੂ ਦੀਆਂ ਨਾਟ ਰਚਨਾਵਾਂ ਭਜਨੋ, ਬਾਤ ਫੱਤੂ ਝੀਰ ਦੀ, ਭਾਈਆ ਹਾਕਮ ਸਿੰਹੁ, ਮੰਗੂ ਤੇ ਬਿੱਕਰ ਆਦਿ ਵਿਚ ਦੁਆਬੇ ਦੀ ਉਪ-ਭਾਸ਼ਾ ਰਾਹੀਂ ਦੁਆਬੇ ਖਿੱਤੇ ਦੇ ਸੰਕਟਾਂ, ਸੰਤਾਪਾਂ, ਸੁਪਨਿਆਂ ਦੇ ਦ੍ਰਿਸ਼ਾਂ ਦੀ ਤਰਜਮਾਨੀ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਸਤਈ ਪੱਧਰ ਤੇ ਬਿਆਨ ਕੀਤਾ ਹੈ। ਉਸ ਦਾ ਨਾਟਕ 'ਕਲ੍ਹ ਕਾਲਜ ਬੰਦ ਰਵ੍ਹੇਗਾ' ਦੀ ਪੰਜਾਬੀ-ਅੰਗਰੇਜ਼ੀ-ਹਿੰਦੀ ਤਿੰਨ ਭਾਸ਼ਾਵਾਂ ਦੇ ਮਿਲਗੋਭੇ ਵਾਲੀ ਭਾਸ਼ਾ ਨਵੀਂ ਪੀੜ੍ਹੀ ਵੱਲੋਂ ਅਜੋਕੇ ਸਮੇਂ ਵਿਚ ਬੋਲੀ ਜਾਂਦੀ ਭਾਸ਼ਾ ਅਤੇ ਮੀਡੀਏ ਦੀ ਭਾਸ਼ਾ ਦੇ ਬਹੁਤ ਨੇੜੇ ਹੈ:

**ਪ੍ਰਿੰਸੀਪਲ :** ਯੈੱਸ....... ਸਪੀਕਿੰਗ....ਓ.ਕੇ. ਹੁਣੇ ਆਇਆ..ਫੌਰੰਨ।...ਤੂੰ ਗੱਲ੍ਹ ਸ਼ੁਰੂ ਕਰ ਉਹਦੇ ਨਾਲ..ਲੰਚ ਤੋਂ ਪਹਿਲਾਂ ਪਹਿਲਾਂ ਮੈਂ..ਹੁਣੇ...ਡਾਰਲਿੰਗ..ਓ ਕੇ (ਫੋਨ ਰੱਖ ਕੇ) ਸੁਣੋ ਜੀ, ਆਪ ਇਸ ਲੜਕੇ ਨੂੰ ਤੇ ਉਸ ਲੜਕੀ ਨੂੰ ਜਿਹੜੀ ਵੀ ਸਜ਼ਾ ਦਿਉ, ਮੇਜੌਰਿਟੀ ਡੀਸੀਯਨ ਹੋਵੇ ਮੈਂ ਆ ਕੇ ਸਿਗਨੇਚਰ ਕਰ